ਨੰ: 12/7/2020-4ਪੀਪੀ2/184

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀ-2 ਸ਼ਾਖਾ)

ਮਿਤੀ, ਚੰਡੀਗੜ੍ਹ: 23-03-2020

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜਨਾਂ ਦੇ ਕਮਿਸ਼ਨਰਜ਼,
ਸਮੂਹ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ,
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ ਅਤੇ
ਸਮੂਹ ਉੱਪ ਮੰਡਲ ਅਫਸਰ।

**Subject: Preventive measures to contain the spread of COVID-19.**

****

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਸ ਵਿਭਾਗ ਵੱਲੋਂ ਪੱਤਰ ਨੰ:12/151/2015-2ਪੀਪੀ2(3ਪੀਪੀ2)/153, ਮਿਤੀ 06-03-2020, ਪੱਤਰ ਨੰ: 12/07/2020-4ਪੀਪੀ2/167, ਮਿਤੀ 13-03-2020, ਪੱਤਰ ਨੰ: 12/07/2020-4ਪੀਪੀ2/169, ਮਿਤੀ 17-03-2020 ਅਤੇ ਪੱਤਰ ਨੰ: 12/07/2020-4ਪੀਪੀ2/179-183, ਮਿਤੀ 20-03-2020, ਰਾਹੀਂ ਜਾਰੀ ਹਦਾਇਤਾਂ ਦੀ ਲਗਾਤਾਰਤਾ ਵਿੱਚ ਕੋਵਿਡ-19 ਦੀ ਮਹਾਂਮਾਰੀ ਦੀ ਲੜੀ ਨੂੰ ਤੋੜਨ ਦੇ ਯਤਨ ਵਧਾਉਣ ਲਈ ਹੇਠ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

1) ਵਿਭਾਗ ਦੇ ਮੁਖੀ ਗਰੁੱਪ ਬੀ, ਸੀ ਅ ਤੇ ਡੀ ਸਟਾਫ ਦਾ ਰੋਸਟਰ ਤਿਆਰ ਕਰਨਗੇ (ਜਿਸ ਵਿੱਚ ਸਾਰੇ ਅਧਿਕਾਰੀ, ਕਰਮਚਾਰੀ/ਸਲਾਹਕਾਰ/ਠੇਕੇ ਅਤੇ ਆਊਟਸੋਰਸ ਕਰਮਚਾਰੀ) ਸ਼ਾਮਿਲ ਹੋਣਗੇ, ਜਿਹਨਾਂ ਵੱਲੋਂ ਜਰੂਰੀ ਸੇਵਾਵਾਂ ਹਰ ਵਿਭਾਗ ਵਿੱਚ ਉਪਲਬੱਧ ਕਰਵਾਈਆਂ ਜਾਣਗੀਆਂ। ਉਹਨਾਂ ਨੂੰ ਹੀ ਕੇਵਲ 23-3-2020 ਤੋਂ 5-4-2020 ਤੱਕ ਦਫਤਰ ਅਟੈਂਡ ਕਰਨ ਲਈ ਕਿਹਾ ਜਾਵੇ। ਦੂਜੇ ਸ਼ਬਦਾਂ ਵਿੱਚ ਘੱਟੋ-ਘੱਟ ਅਤਿ ਜਰੂਰੀ ਸਟਾਫ ਹੀ ਦਫਤਰ ਕੰਮ ਕਰਨਗੇ।

2) ਜਿਹੜੇ ਕਰਮਚਾਰੀ ਘਰ ਤੋਂ ਕੰਮ ਕਰਨਗੇ ਉਹ ਹਰ ਸਮੇਂ ਸੰਚਾਰ ਦੇ ਟੈਲੀਫੋਨ ਅਤੇ ਹੋਰ ਇਲੈਕਟ੍ਰੋਨਿਕ ਮਾਧਿਅਮ ਰਾਹੀਂ ਉਪਲਬੱਧ ਰਹਿਣਗੇ। ਉਹ ਕੰਮ ਦੀ ਜਰੂਰਤ ਦੇ ਅਨੁਸਾਰ ਬੁਲਾਉਣ ਤੇ ਦਫਤਰ ਹਾਜਰ ਹੋਣਗੇ।

3) ਅਜਿਹੀਆਂ ਹਦਾਇਤਾਂ ਸਬੰਧਤ ਹੇਠਲੇ ਦਫਤਰਾਂ ਅਤੇ ਖੁਦਮੁਖਤਿਆਰ ਅਦਾਰਿਆ/ਸੰਸਥਾਵਾਂ ਨੂੰ ਵੀ ਜਾਰੀ ਕੀਤੀਆਂ ਜਾਣ ।

4) ਜ਼ਿਲ੍ਹਾ ਪੱਧਰ ਦੇ ਦਫਤਰਾਂ ਦੇ ਮੁਖੀ ਗਰੁੱਪ ਬੀ, ਸੀ ਅਤੇ ਡੀ ਕਰਮਚਾਰੀਆਂ ਦੀ ਹਾਜਰੀ ਬਾਰੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨਾਲ ਸਲਾਹ ਕਰਕੇ ਹਾਜ਼ਰ ਹੋਣ ਦੀ ਹਦਾਇਤ ਕਰਨਗੇ।

5) ਇਹ ਹਦਾਇਤਾਂ ਉਹਨਾਂ ਦਫਤਰਾਂ ਅਤੇ ਕਰਮਚਾਰੀਆਂ ਤੇ ਲਾਗੂ ਨਹੀਂ ਹੋਣਗੀਆਂ ਜਿਹੜੇ ਕਿ ਜਰੂਰੀ ਅਤੇ ਆਪਾਤਕਾਲ ਸੇਵਾਵਾਂ ਨਾਲ ਸਬੰਧ ਰੱਖਦੇ ਹਨ, ਜੋ ਕਿ ਕੋਵਿਡ-19 ਦੀ ਰੋਕਥਾਮ ਵਿੱਚ ਰੁੱਝੇ ਹੋਣ। ਇਹ ਵਿਭਾਗ ਹੇਠ ਅਨੁਸਾਰ ਹਨ:-

   1) ਪੁਲਿਸ, ਹੋਮ ਗਾਰਡ, ਜ਼ੇਲ੍ਹਾਂ, ਜ਼ਿਲ੍ਹਾ ਅਟਾਰਨੀ;

   2) ਜ਼ਿਲ੍ਹਾ ਮੈਜਿਸਟ੍ਰੇਟ/ਐਸ.ਡੀ.ਐਮ., ਤਹਿਸੀਲ/ਮਾਲ

Scanned with CamScanner

3) ਸਿਹਤ ਤੇ ਪਰਿਵਾਰ ਭਲਾਈ, ਮੈਡੀਕਲ ਸਿੱਖਿਆ ਅਤੇ ਖੋਜ, ਅਗਨੀ ਸੇਵਾਵਾਂ, ਸਥਾਨਕ ਸਰਕਾਰ, ਪੇਂਡੂ ਵਿਕਾਸ ਵਿਭਾਗ।

4) ਖੁਰਾਕ ਤੇ ਸਿਵਲ ਸਪਲਾਈਜ਼, ਆਈ.ਸੀ.ਡੀ.ਐਸ., ਟਰਾਂਸਪੋਰਟ ਅਤੇ ਮੰਡੀ ਬੋਰਡ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਅਤੇ ਬਿਜਲੀ ਵਿਭਾਗ।

6) ਇਹ ਹੁਕਮ ਤੁਰੰਤ ਪ੍ਰਭਾਵ ਤੋਂ ਲਾਗੂ ਹੋਣਗੇ।

ਅਧੀਨ ਸਕੱਤਰ ਪ੍ਰਸੋਨਲ

ਇੱਕ ਉਤਾਰਾ ਸਮੂਹ ਵਿਸ਼ੇਸ਼/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿਸ਼ੇਸ਼/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਜ਼,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੱ:ਨੰ:12/07/2020-4ਪੀਪੀ2/185 ਮਿਤੀ, ਚੰਡੀਗੜ੍ਹ: 23-3-3020

ਪਿ:ਅੰ:ਨੰ:12/07/2020-4ਪੀਪੀ2/186-88 ਮਿਤੀ, ਚੰਡੀਗੜ੍ਹ: 23-3-2020

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਤੁਰੰਤ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਪ੍ਰਮੁੱਖ ਸਕੱਤਰ, ਕਿਰਤ ਤੇ ਰੋਜ਼ਗਾਰ ਵਿਭਾਗ, ਪੰਜਾਬ ਨੂੰ ਇਹ ਹਦਾਇਤਾਂ ਸਨਅਤੀ ਅਦਾਰਿਆਂ ਅਤੇ ਹੋਰ ਵਪਾਰਕ ਸੰਸਥਾਵਾਂ ਲਈ ਜਾਰੀ ਕਰਨ ਹਿੱਤ;
2) ਡਾਇਰੈਕਟਰ, ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਪ੍ਰਿੰਟ ਮੀਡੀਆ ਅਤੇ ਹੋਰ ਸੂਚਨਾ ਦੇ ਮਾਧਿਅਮ ਰਾਹੀਂ ਆਮ ਜਨਤਾ ਨੂੰ ਜਾਣੂੰ ਕਰਵਾਉਣ ਹਿੱਤ ; ਅਤੇ
3) ਡਾਇਰੈਕਟਰ, ਸਿਹਤ ਤੇ ਪਰਿਵਾਰ ਕਲਿਆਣ ਵਿਭਾਗ, ਪੰਜਾਬ, ਚੰਡੀਗੜ੍ਹ ।

ਅਧੀਨ ਸਕੱਤਰ ਪ੍ਰਸੋਨਲ

Scanned with CamScanner